ਪਿਆਰੇ ਐਬਟਸਫੋਰਡ ਸਕੂਲ ਡਿਸਟ੍ਰਿਕਟ ਪਰਿਵਾਰ,

ਕੋਵਿਡ-19 ਮਹਾਂਮਾਰੀ ਇੱਕ ਚੁਣੌਤੀ ਬਣੀ ਹੋਈ ਹੈ ਜਿਸ ਦੇ ਬਾਰੇ ਸਾਨੂੰ ਲਗਾਤਾਰ ਨੇਵੀਗੇਟ ਕਰਦੇ ਰਹਿਣਾ ਚਾਹੀਦਾ ਹੈ, ਹਾਲਾਂਕਿ, ਇਸ ਪਿਛਲੇ ਹਫਤੇ ਅਸੀਂ ਸੁਰੱਖਿਅਤ ਤਰੀਕੇ ਨਾਲ ਵਿਅਕਤੀਗਤ ਸਿੱਖਿਆ 'ਤੇ ਵਾਪਸ ਆਉਣ ਦੇ ਯੋਗ ਹੋ ਗਏ ਸੀ।ਜਦੋਂ ਅਸੀਂ ਆਉਣ ਵਾਲੇ ਹਫਤਿਆਂ ਅਤੇ ਮਹੀਨਿਆਂ ਦੇ ਮੌਕਿਆਂ ਦੀ ਉਡੀਕ ਕਰ ਰਹੇ ਹਾਂ, ਤਾਂ ਮੈਂ ਇਸ ਸਕੂਲੀ ਸਾਲ ਦੇ ਪਹਿਲੇ ਭਾਗ ਵਿੱਚੋਂ ਬਾਹਰ ਨਿਕਾਲਣ ਲਈ ਆਪਣੇ ਅਮਲੇ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ।ਬ੍ਰਿਟਿਸ਼ ਕੋਲੰਬੀਆ ਅਤੇ ਖਾਸ ਕਰਕੇ ਇੱਥੇ ਐਬਟਸਫੋਰਡ ਵਿੱਚ ਅਸੀਂ ਜੋ ਕੁਝ ਵੀ ਪੂਰਾ ਕਰੀ ਜਾ ਰਹੇ ਹਾਂ, ਉਹ ਸੱਚਮੁੱਚ ਹੈਰਾਨੀਜਨਕ ਹੈ। ਸਾਡਾ ਸਮਾਜ ਅਧਿਆਪਕਾਂ, ਸਹਾਇਤਾ ਅਮਲੇ, ਪ੍ਰਿੰਸੀਪਲਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਾ ਹੈ ਜੋ ਸਾਡੇ ਵਿਦਿਆਰਥੀਆਂ ਦੀ ਦੇਖਭਾਲ ਕਰਨ ਲਈ ਇਕੱਠੇ ਹੁੰਦੇ ਹਨ ਜਦੋਂ ਉਨ੍ਹਾਂ ਨੂੰ ਸਾਡੀ ਸਭ ਤੋਂ ਵੱਧ ਲੋੜ ਹੁੰਦੀ ਹੈ।

ਇਸ ਸਾਰੀ ਮਹਾਂਮਾਰੀ ਦੌਰਾਨ, ਮੈਂ ਤੁਹਾਨੂੰ ਨਿਯਮਿਤ ਤੌਰ 'ਤੇ ਅੱਪਡੇਟ ਕਰਨ ਲਈ ਵੀ ਵਚਨਬੱਧ ਰਿਹਾ ਹਾਂ।ਵਧੇਰੇ ਕੋਵਿਡ-19 ਸੰਚਾਲਨ ਜਾਣਕਾਰੀ ਉਪਲਬਧ ਹੋ ਗਈ ਹੈ, ਅਤੇ ਮੈਂ ਤੁਹਾਡੇ ਨਾਲ ਇੱਕ ਸੰਖੇਪ ਅੱਪਡੇਟ ਸਾਂਝਾ ਕਰਨਾ ਚਾਹੁੰਦਾ ਹਾਂ।

## ਰੈਪਿਡ ਐਂਟੀਜਨ ਟੈਸਟ

ਕੋਵਿਡ -19 ਦੇ ਵਧੇਰੇ ਟ੍ਰਾਂਸਮਿਸੀਬਲ ਓਮਾਈਕਰੋਨ ਵੇਰੀਐਂਟ ਦੇ ਉਭਾਰ ਲਈ ਜਨਤਕ ਸਿਹਤ ਪ੍ਰਬੰਧਨ ਵਿੱਚ ਤਬਦੀਲੀਆਂ ਦੀ ਲੋੜ ਹੈ।ਕਮਿਊਨਿਟੀ ਟ੍ਰਾਂਸਮਿਸ਼ਨ ਦੇ ਉੱਚ ਪੱਧਰਾਂ ਅਤੇ ਇੱਕ ਛੋਟੇ ਵਾਇਰਸ ਇਨਕਿਊਬੇਸ਼ਨ ਮਿਆਦ ਦੇ ਨਾਲ, ਜਨਤਕ ਸਿਹਤ ਦੁਆਰਾ ਸੰਪਰਕ ਟਰੇਸਿੰਗ ਅਤੇ ਨਜ਼ਦੀਕੀ ਸੰਪਰਕ ਸੂਚਨਾ ਹੁਣ ਕੋਵਿਡ -19 ਦੇ ਫੈਲਣ ਨੂੰ ਘੱਟ ਤੋਂ ਘੱਟ ਕਰਨ ਵਿੱਚ ਪ੍ਰਭਾਵਸ਼ਾਲੀ ਨਹੀਂ ਹੈ।

ਹਾਲਾਂਕਿ, ਸਾਨੂੰ ਸਿੱਖਿਆ ਮੰਤਰਾਲੇ ਨੇ ਸੂਚਿਤ ਕੀਤਾ ਹੈ ਕਿ ਸਾਡੇ ਜ਼ਿਲ੍ਹੇ ਨੂੰ ਆਉਣ ਵਾਲੇ ਦਿਨਾਂ ਦੇ ਅੰਦਰ ਰੈਪਿਡ ਐਂਟੀਜਨ ਟੈਸਟਾਂ ਦੀ ਖੇਪ /ਸ਼ਿਪ੍ਮਨ੍ਹ ਮਿਲੇਗੀ। ਸਾਡੇ ਟੈਸਟਾਂ ਦਾ ਪਹਿਲਾ ਬੈਚ ਲੱਛਣਾਂ ਦੀ ਜਾਂਚ ਨਾਲ ਸਹਾਇਤਾ ਕਰਨ ਅਤੇ ਸਕੂਲ ਦੇ ਸੰਚਾਲਨ ਲਈ ਜੋਖਮਾਂ ਨੂੰ ਘੱਟ ਕਰਨ ਲਈ ਕਰਮਚਾਰੀਆਂ ਕੋਲ ਜਾਵੇਗਾ।ਲੱਛਣਾਂ ਦੀ ਜਾਂਚ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਭਵਿੱਖ ਦੀ ਖੇਪ / ਸ਼ਿਪ੍ਮਨ੍ਹ ਵਧਾਉਣਾ ਸਾਡਾ ਇਰਾਦਾ ਹੈ।

ਮੈਂ ਜਾਣਦਾ ਹਾਂ ਕਿ ਇਹ ਜਾਣਕਾਰੀ ਬਹੁਤ ਸਾਰੇ ਸਵਾਲ ਖੜ੍ਹੇ ਕਰ ਸਕਦੀ ਹੈ।ਅਸੀਂ ਤੁਹਾਡੇ ਨਿਰੰਤਰ ਸਬਰ ਅਤੇ ਸਮਝ ਦੀ ਮੰਗ ਕਰਦੇ ਹਾਂ,ਅਤੇ ਜਿਵੇਂ ਹੀ ਸਾਨੂੰ ਵਧੇਰੇ ਵੇਰਵੇ ਮਿਲਦੇ ਹਨ, ਅਸੀਂ ਇਸ ਨੂੰ ਤੁਹਾਡੇ ਨਾਲ ਸਾਂਝਾ ਕਰਾਂਗੇ।

## ਕੋਵਿਡ-19 ਟੀਕੇ

ਸਬੂਤਾਂ ਨੇ ਸਾਨੂੰ ਦਿਖਾਇਆ ਹੈ ਕਿ ਕੋਵਿਡ -19 ਦੇ ਖਤਰੇ ਨੂੰ ਘਟਾਉਣ ਦਾ ਟੀਕੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।ਉਹ ਲੋਕ ਜੋ 5 ਸਾਲ ਤੋਂ ਵੱਧ ਉਮਰ ਦੇ ਹਨ, ਉਹ ਆਪਣੀ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਰੱਖਿਆ ਕਰਨ ਲਈ ਕੋਵਿਡ -19 ਦੇ ਟੀਕੇ ਲਗਾਉਣ ਦੇ ਯੋਗ ਹਨ - ਜਿੰਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਟੀਕੇ ਲਗਾਉਣ ਦੇ ਯੋਗ ਨਹੀਂ ਹਨ। ਕੋਵਿਡ -19 ਵੈਕਸੀਨ ਬਾਰੇ ਵਧੇਰੇ ਜਾਣਕਾਰੀ ਅਤੇ ਮੁਲਾਕਾਤ ਬੁੱਕ ਕਿਵੇਂ ਕਰਨੀ ਹੈ, ਇਹ getvaccinated.gov.bc.ca 'ਤੇ ਉਪਲਬਧ ਹੈ।

## ਨਿਰੰਤਰ ਸੰਚਾਰ

ਸਾਡੇ ਵਿਦਿਆਰਥੀਆਂ, ਪਰਿਵਾਰਾਂ, ਅਤੇ ਅਮਲੇ ਦੀ ਸੁਰੱਖਿਆ ਅਤੇ ਤੰਦਰੁਸਤੀ ਸਾਡੀ ਸਭ ਤੋਂ ਵੱਡੀ ਤਰਜੀਹ ਬਣੀ ਹੋਈ ਹੈ।ਕਿਰਪਾ ਕਰਕੇ ਹਰ ਸਵੇਰ ਆਪਣੇ ਬੱਚੇ ਵਾਸਤੇ ਰੋਜ਼ਾਨਾ ਸਿਹਤ ਮੁਲਾਂਕਣ ਨੂੰ ਪੂਰਾ ਕਰਨਾ ਜਾਰੀ ਰੱਖੋ, ਮਾਸਕ ਪਹਿਨੋ, ਆਪਣੇ ਹੱਥਾਂ ਨੂੰ ਅਕਸਰ ਧੋਣਾ ਜਾਰੀ ਰੱਖੋ, ਅਤੇ ਜਿੱਥੇ ਸੰਭਵ ਹੋਵੇ ਸਰੀਰਕ ਦੂਰੀ ਨੂੰ ਵੱਧ ਤੋਂ ਵੱਧ ਬਣਾਈ ਰੱਖੋ।

ਫਰੇਜ਼ਰ ਹੈਲਥ ਨੇ ਪਰਿਵਾਰਾਂ ਲਈ ਇੱਕ ਅੱਪਡੇਟ ਪ੍ਰਦਾਨ ਕੀਤਾ ਹੈ, ਅਤੇ ਅਸੀਂ ਇਸ ਸੰਦੇਸ਼ ਦੇ ਅੰਤ 'ਤੇ ਉਹਨਾਂ ਦੇ ਪੱਤਰਾਂ ਨੂੰ ਸ਼ਾਮਲ ਕੀਤਾ ਹੈ।ਬੀਸੀ ਦੇ ਸੂਬਾਈ ਸਿਹਤ ਅਧਿਕਾਰੀ ਅਤੇ ਸਿੱਖਿਆ ਮੰਤਰੀ ਕੋਵਿਡ -19 ਮਹਾਂਮਾਰੀ ਦੇ ਵਿਕਾਸ ਦੇ ਬਾਰੇ ਸਾਰੀ ਜਾਣਕਾਰੀ ਦੀ ਨਿਗਰਾਨੀ ਕਰਦੇ ਰਹਿਣਗੇ।ਚੱਲ ਰਹੇ ਅੱਪਡੇਟ ਸਾਡੀ ਵੈੱਬਸਾਈਟ 'ਤੇ www.abbyschools.ca/covid-19 'ਤੇ ਪੋਸਟ ਕੀਤੇ ਜਾਂਦੇ ਰਹਿਣਗੇ।

ਕਿਰਪਾ ਕਰਕੇ ਆਪਣੀ ਅਤੇ ਇੱਕ ਦੂਜੇ ਦੀ ਵਧੀਆ ਦੇਖਭਾਲ ਕਰੋ।

ਸੁਹਿਰਦਤਾ ਨਾਲ,

ਡਾ ਕੇਵਿਨ ਗੋਡਨ
ਸਕੂਲ ਸੁਪਰਡੈਂਟ